(ਉਸੇ ਨੰਬਰ ਅਤੇ ਮਿਤੀ ਨਾਲ)

D8. 4/6/11

ASPD (Co-ord) DM (MIS)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

## ਹੁਕਮ

ਸਿੱਖਿਆ ਵਿਭਾਗ (ਸਕੂਲਜ) ਵਿਚ ਹੇਠ ਲਿਖੇ ਮਾਸਟਰ ਨੂੰ ਬਤੌਰ ਮੁੱਖ ਅਧਿਆਪਕ (ਸਕੂਲ ਕਾਡਰ) ਵਿੱਚ ਤਰੱਕੀ ਦੇਣ ਦੇ ਕੇਸ ਵਿਭਾਗੀ ਤਰੱਕੀ ਕਮੇਟੀ ਰਾਹੀਂ ਪੰਜਾਬ ਸਰਕਾਰ ਦੀਆਂ ਸੋਧੀਆਂ ਹਦਾਇਤਾਂ ਮਿਤੀ 21-8-09, ਜਿਸਨੂੰ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 26-8-2009, ਸਿਵਲ ਰਿਟ ਪਟੀਸ਼ਨ ਨੰ:11574 ਆਫ 2009--ਸੁਖਦੇਵ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਰਾਹੀਂ ਪੜ੍ਹਿਆ ਜਾਣਾ ਹੈ, ਵਿਚਾਰਦੇ ਹੋਏ ਵਿਭਾਗੀ ਤਰੱਕੀ ਕਮੇਟੀ ਦੀਆਂ ਸਿਫਾਰਸ਼ਾਂ ਮੁਤਾਬਕ ਹੇਠ ਦਰਸਾਇਆ ਗਿਆ ਅਧਿਆਪਕ ਜੋ ਮਿਤੀ 8-1-2008 ਤੋਂ ਉਸ ਮਿਤੀ ਤੋਂ ਜਿਸ ਮਿਤੀ ਤੋਂ ਉਸਦੇ ਜੂਨੀਅਰ ਮਾਸਟਰ ਨੂੰ ਬਤੌਰ ਮੁੱਖ ਅਧਿਆਪਕ ਦਫਤਰੀ ਹੁਕਮ ਨੰ: 12/23/2004-2ਸਿ2/797, ਮਿਤੀ 8-1-2008 ਰਾਹੀਂ ਪਦ-ਉਨਤ ਕੀਤਾ ਗਿਆ ਸੀ, ਉਸ ਮਿਤੀ ਭਾਵ 8-1-2008 ਤੋਂ ਹੀ ਬਤੌਰ ਮੁੱਖ ਅਧਿਆਪਕ ਤਨਖਾਹ ਸਕੇਲ ਰੁ: 7000-10980 (ਅਣ-ਸੋਧੇ ਹੋਏ) ਵਿੱਚ ਪਦ-ਉੱਨਤ ਕੀਤਾ ਜਾਂਦਾ ਹੈ। ਇਸ ਪਦ-ਉਨਤ ਹੋਏ ਮੁੱਖ ਅਧਿਆਪਕ ਦੀ ਤੈਨਾਤੀ ਉਸ ਦੇ ਨਾਮ ਦੇ ਅੱਗੇ ਦਿੱਤੇ ਸਟੇਸ਼ਨ ਤੇ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ:-

**ਸ਼੍ਰੇਣੀ, ਪੁਰਸ਼ (ਅ/ਜਾਤੀ):**

| ਲੜੀ ਨੰ: | ਸੀਨੀਆਰਤਾ ਨੰ: | ਅਧਿਆਪਕ ਦਾ ਨਾਮ/ਮੌਜੂਦਾ ਪੋਸਟਿੰਗ | ਅਲਾਟ ਕੀਤਾ ਗਿਆ ਸਟੇਸ਼ਨ |
|---|---|---|---|
| 1. | 9144 | ਅਜੈਬ ਸਿੰਘ, ਸਸ ਮਾਸਟਰ, ਸ.ਮਿ.ਸ. ਝੰਡੇ ਮਾਜਰਾ (ਐਸ.ਏ.ਐਸ. ਨਗਰ) | ਸ.ਹ.ਸ. ਗੀਗੇ ਮਾਜਰਾ ਤਹਿ: ਖਰੜ (ਐਸ.ਏ.ਐਸ. ਨਗਰ) |

ਇਹ ਪਦ-ਉੱਨਤੀ ਹੇਠ ਲਿਖੀਆਂ ਸ਼ਰਤਾਂ ਤੇ ਹੋਵੇਗੀ:-

ੳ) ਕਰਮਚਾਰੀ ਆਪਣੀ ਪਦ-ਉੱਨਤੀ ਦੇ ਹੁਕਮ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣੀ ਪੋਸਟਿੰਗ ਵਾਲੀ ਥਾਂ ਤੇ ਹਾਜਰੀ ਰਿਪੋਰਟ ਪੇਸ਼ ਕਰੇਗਾ।

ਅ) ਜੇਕਰ ਕਿਸੇ ਕਾਰਨ ਮਾਸਟਰ ਦੀ ਸੀਨੀਆਰਤਾ ਸੂਚੀ ਵਿਚ ਤਰੱਕੀ ਲੈਣ ਤੋਂ ਵਾਂਝੇ ਰਹਿ ਗਏ ਹੋਣ ਤਾਂ ਉਨ੍ਹਾਂ ਦੀ ਤਰੱਕੀ ਕਰਨ ਲਈ ਸਬੰਧਤ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਕੋਈ ਨੋਟਿਸ ਦਿੱਤੇ ਰਿਵਰਟ ਕੀਤਾ ਜਾਵੇਗਾ।

ੲ) ਇਹ ਤਰੱਕੀ ਇਕ ਸਾਲ ਦੇ ਪ੍ਰੋਬੇਸ਼ਨ ਸਮੇਂ ਤੇ ਅਧਾਰਤ ਹੋਵੇਗੀ।

ਸੀ.ਰਾਊਲ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)।

ਮਿਤੀ,ਚੰਡੀਗੜ੍ਹ:
9 ਦਸੰਬਰ, 2010

ਪਿੱ:ਅੰ:ਨੰ: 1/94/2010-3ਸਿ3/3342-45, ਮਿਤੀ, ਚੰਡੀਗੜ੍ਹ: 10-12-10

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵੈਬਸਾਈਟ www.ssa Punjab.org. ਵਿੱਚ ਪਾਉਣ ਸਬੰਧੀ ਕਾਰਵਾਈ ਕਰ ਲਈ ਜਾਵੇ।

2) ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿੱ:) ਪੰਜਾਬ ਨੂੰ ਬਾਕੀ ਰਹਿੰਦੇ ਮਾਸਟਰ/ਮਿਸਟ੍ਰੈਸਾਂ ਦੇ ਕੇਸ ਜਲਦੀ ਮੁਕੰਮਲ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

3) ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਸਬੰਧਤ ਮੁੱਖ ਅਧਿਆਪਕਾਂ/ਅਧਿਆਕਾਵਾਂ ਨੂੰ ਤਰੱਕੀ ਬਾਰੇ ਇੰਨ-ਬਿੰਨ ਪਾਲਣਾ ਲਈ ਤੁਰੰਤ ਸੂਚਿਤ ਕਰਨ।

4) ਸਬੰਧਤ ਕਰਮਚਾਰੀ।

School Education Director Authority